ਇਹ ਜਾਣਕਾਰੀ ਇਹ ਦੱਸਦੀ ਹੈ ਕਿ ਤੁਸੀਂ WCAT ਨੂੰ ਆਪਣੇ ਉਹ ਕਾਰਨ ਕਿਵੇਂ ਦੱਸਣੇ ਹਨ ਜਿਨ੍ਹਾਂ ਕਰਕੇ ਤੁਹਾਡੀ ਅਪੀਲ ਲੇਟ ਦਾਇਰ ਕੀਤੀ ਗਈ ਸੀ। ਜ਼ਿਆਦਾ ਜਾਣਕਾਰੀ ਸਾਡੀ ਵੈੱਬਸਾਈਟ 'ਤੇ ਦੇਖੋ: wcat.bc.ca ਜਾਂ ਮਦਦ ਲਈ ਸਾਡੀ ਟੀਮ ਨੂੰ 604-664-7800 ਜਾਂ 1-800-663-2782 'ਤੇ ਫੋਨ ਕਰੋ।

## ਜੇਕਰ ਤੁਹਾਡੀ ਅਪੀਲ ਲੇਟ ਹੋਵੇ ਤਾਂ ਕੀ ਕਰਨਾ ਹੈ

ਜ਼ਿਆਦਾਤਰ ਅਪੀਲਾਂ ਲਈ ਰਿਵਿਊ ਡਿਵੀਜ਼ਨ ਦਾ ਫੈਸਲਾ ਪ੍ਰਾਪਤ ਹੋਣ ਦੇ 30 ਦਿਨਾਂ ਦੇ ਅੰਦਰ ਤੁਹਾਡੇ ਲਈ ਨੋਟਿਸ ਆਫ ਅਪੀਲ ਭੇਜਣਾ ਜ਼ਰੂਰੀ ਹੈ। ਜੇਕਰ ਖਾਸ ਹਾਲਤਾਂ ਕਾਰਨ ਤੁਸੀਂ ਅਪੀਲ ਸ਼ੁਰੂ ਕਰਨ ਲਈ 30 ਦਿਨਾਂ ਦੀ ਸਮਾਂ ਸੀਮਾ ਤੋਂ ਖੁੰਝ ਗਏ ਸੀ, ਤਾਂ ਤੁਸੀਂ WCAT ਨੂੰ ਅਪੀਲ ਕਰਨ ਲਈ ਸਮਾਂ ਵਧਾਉਣ ਲਈ ਕਹਿ ਸਕਦੇ ਹੋ। ਤੁਹਾਡੀ ਅਪੀਲ ਸਿਰਫ਼ ਤਾਂ ਹੀ ਅੱਗੇ ਵਧੇਗੀ ਜੇਕਰ WCAT ਦਾ ਵਾਈਸ ਚੇਅਰ (ਉਹ ਵਿਅਕਤੀ ਜੋ ਤੁਹਾਡੀ ਅਪੀਲ ਦਾ ਫੈਸਲਾ ਕਰਦਾ ਹੈ) ਤੁਹਾਨੂੰ ਵਾਧਾ ਦੇਣ ਦਾ ਫੈਸਲਾ ਕਰਦਾ ਹੈ।

ਸਾਡੀ ਵੈੱਬਸਾਈਟ 'ਤੇ ਇੱਕ ਫਾਰਮ ਭਰ ਕੇ ਸਮੇਂ ਵਿੱਚ ਵਾਧੇ ਲਈ ਅਪਲਾਈ ਕਰੋ:
WCAT.BC.CA > APPEAL A DECISION > START AN APPEAL > ASK FOR MORE TIME

ਜੇਕਰ ਤੁਹਾਡੀ ਅਪੀਲ ਲੇਟ ਹੈ, ਤਾਂ ਆਪਣੀ ਅਪੀਲ ਦਾਇਰ ਕਰਦੇ ਸਮੇਂ ਆਪਣੀ ਸਮਾਂ ਸੀਮਾ ਵਧਾਉਣ ਲਈ ਅਰਜ਼ੀ ਦਿਓ। ਇਹ ਫਾਰਮ ਤੁਹਾਨੂੰ ਇਹ ਵਰਨਨ ਕਰਨ ਲਈ ਕਹੇਗਾ ਕਿ ਕੀ ਕੁਝ ਖਾਸ ਹਾਲਤਾਂ ਸਨ ਜਿਨ੍ਹਾਂ ਨੇ ਤੁਹਾਨੂੰ 30 ਦਿਨਾਂ ਦੇ ਅੰਦਰ ਆਪਣੀ ਅਪੀਲ ਦਾਇਰ ਕਰਨ ਤੋਂ ਰੋਕਿਆ ਸੀ। ਜੇਕਰ ਡੈੱਡ ਲਾਈਨ ਲੰਘਣ ਤੋਂ ਬਾਅਦ ਦੇਰੀ ਹੋਈ ਸੀ, ਤਾਂ ਤੁਹਾਨੂੰ ਉਹਨਾਂ ਦੇਰੀਆਂ ਬਾਰੇ ਵੀ ਦੱਸਣਾ ਚਾਹੀਦਾ ਹੈ।
ਵਾਈਸ ਚੇਅਰ ਵਿਚਾਰ ਕਰੇਗਾ ਕਿ ਕੀ ਕੋਈ ਖਾਸ ਹਾਲਾਤ ਸਨ, ਅਤੇ ਜੇਕਰ ਵਾਧਾ ਨਹੀਂ ਦਿੱਤਾ ਜਾਂਦਾ ਹੈ ਤਾਂ ਕੀ ਕੋਈ ਬੇਇਨਸਾਫ਼ੀ ਹੋਵੇਗੀ। ਵਾਈਸ ਚੇਅਰ ਕੋਲ ਇਸ ਗੱਲ ਦਾ ਅਧਿਕਾਰ ਹੈ ਕਿ ਵਾਧਾ ਦਿੱਤਾ ਜਾਵੇ ਜਾਂ ਨਾ।

ਹੇਠ ਲਿਖੇ ਸਵਾਲਾਂ ਦੇ ਜਵਾਬ ਵਾਈਸ ਚੇਅਰ ਨੂੰ ਇਹ ਫੈਸਲਾ ਕਰਨ ਵਿੱਚ ਮਦਦ ਕਰ ਸਕਦੇ ਹਨ ਕਿ ਸਮਾਂ ਵਧਾਉਣਾ ਹੈ ਜਾਂ ਨਹੀਂ:

- ਤੁਹਾਨੂੰ ਉਹ ਫੈਸਲਾ ਕਦੋਂ ਮਿਲਿਆ ਜਿਸ ਬਾਰੇ ਤੁਸੀਂ ਅਪੀਲ ਕਰਨਾ ਚਾਹੁੰਦੇ ਹੋ? ਜੇਕਰ ਫੈਸਲਾ ਪ੍ਰਾਪਤ ਕਰਨ ਵਿੱਚ ਦੇਰੀ ਹੋਈ ਸੀ, ਤਾਂ ਕੀ ਤੁਸੀਂ ਜਾਣਦੇ ਹੋ ਕਿ ਕਿਉਂ?
- ਕੀ ਤੁਹਾਨੂੰ ਪਤਾ ਸੀ ਕਿ ਤੁਸੀਂ ਅਪੀਲ ਕਰ ਸਕਦੇ ਹੋ? ਕੀ ਤੁਹਾਨੂੰ ਪਤਾ ਸੀ ਕਿ ਅਪੀਲ ਕਰਨ ਲਈ ਸਮਾਂ-ਸੀਮਾ ਹੁੰਦੀ ਹੈ?
- ਕੀ ਫੈਸਲੇ ਵਿੱਚ ਕੁਝ ਅਜਿਹਾ ਸੀ ਜੋ ਤੁਹਾਨੂੰ ਸਮਝ ਨਹੀਂ ਆਇਆ?
- ਕੀ ਕੋਈ ਨਵਾਂ ਸਬੂਤ ਹੈ ਜੋ ਤੁਹਾਡੀ ਅਪੀਲ ਦਾ ਸਮਰਥਨ ਕਰਦਾ ਹੈ? (ਜਿਵੇਂ ਕਿ ਇੱਕ ਨਵੀਂ ਮੈਡੀਕਲ ਰਿਪੋਰਟ)
- ਕੀ ਤੁਸੀਂ ਕਿਸੇ ਨੂੰ ਦੱਸਿਆ ਸੀ ਕਿ ਤੁਸੀਂ ਅਪੀਲ ਕਰਨ ਦੀ ਯੋਜਨਾ ਬਣਾਈ ਹੈ?
- ਕੀ ਕੋਈ ਹੋਰ ਤੁਹਾਡੇ ਲਈ ਫੈਸਲੇ 'ਤੇ ਅਪੀਲ ਕਰਨ ਲਈ ਸਹਿਮਤ ਹੋਇਆ?
- ਕੀ ਕੁਝ ਹੋਰ ਹੋਇਆ ਜਿਸ ਨੇ ਤੁਹਾਨੂੰ ਆਪਣਾ ਨੋਟਿਸ ਆਫ ਅਪੀਲ ਦਾਇਰ ਕਰਨ ਤੋਂ ਰੋਕਿਆ, ਅਤੇ ਜੇ ਅਜਿਹਾ ਹੈ, ਤਾਂ ਕੀ?
- ਕੀ ਇਹ ਦੂਜਿਆਂ ਨਾਲ ਬੇਇਨਸਾਫ਼ੀ ਹੋਵੇਗੀ ਜੇਕਰ ਤੁਹਾਡੀ ਅਪੀਲ ਅੱਗੇ ਵਧਦੀ ਹੈ?
- ਜੇਕਰ ਤੁਸੀਂ ਅਪੀਲ ਨਹੀਂ ਕਰ ਸਕਦੇ, ਤਾਂ ਇਸ ਦਾ ਤੁਹਾਡੇ 'ਤੇ ਕੀ ਅਸਰ ਪਵੇਗਾ?
- ਕੀ ਤੁਸੀਂ ਡੈੱਡ ਲਾਈਨ ਲੰਘ ਜਾਣ ਤੋਂ ਬਾਅਦ ਅਪੀਲ ਦਾਇਰ ਕਰਨ ਲਈ ਜਲਦੀ ਕਾਰਵਾਈ ਕੀਤੀ?
- ਕੀ ਤੁਸੀਂ ਜਿਸ ਫੈਸਲੇ 'ਤੇ ਅਪੀਲ ਕਰਨਾ ਚਾਹੁੰਦੇ ਹੋ ਉਸ ਬਾਰੇ ਸਬੂਤ ਅਜੇ ਵੀ ਉਪਲਬਧ ਅਤੇ ਢੁਕਵੇਂ ਹਨ?

ਜੇਕਰ ਤੁਹਾਡੇ ਕੋਲ ਤੁਹਾਡੀ ਬੇਨਤੀ ਦਾ ਸਮਰਥਨ ਕਰਨ ਵਾਲੇ ਦਸਤਾਵੇਜ਼ ਜਾਂ ਹੋਰ ਜਾਣਕਾਰੀ ਹੈ, ਤਾਂ ਕਿਰਪਾ ਕਰਕੇ ਉਹ ਪ੍ਰਦਾਨ ਕਰੋ। ਉਦਾਹਰਨ ਵਜੋਂ, ਤੁਹਾਡੇ ਕੋਲ ਇਸ ਗੱਲ ਦਾ ਸਬੂਤ ਹੋ ਸਕਦਾ ਹੈ ਕਿ ਤੁਹਾਨੂੰ ਫੈਸਲਾ ਨਹੀਂ ਮਿਲਿਆ, ਜਾਂ ਇਸ ਗੱਲ ਦਾ ਸਬੂਤ ਹੋ ਸਕਦਾ ਹੈ ਕਿ ਤੁਹਾਡੇ ਨੁਮਾਇੰਦੇ ਨੇ ਅਪੀਲ ਦਾਇਰ ਨਹੀਂ ਕੀਤੀ ਭਾਵੇਂ ਤੁਸੀਂ ਉਹਨਾਂ ਨੂੰ ਅਪੀਲ ਕਰਨ ਲਈ ਕਿਹਾ ਸੀ।

ਜਦੋਂ ਤੁਸੀਂ ਆਪਣੀ ਸਮਾਂ ਸੀਮਾ ਵਧਾਉਣ ਦੀ ਅਰਜ਼ੀ ਦਾਇਰ ਕਰਦੇ ਹੋ, ਤਾਂ WCAT ਦੂਜੀ ਧਿਰ ਨੂੰ ਜਵਾਬ ਦੇਣ ਲਈ ਸੱਦਾ ਦੇਵੇਗਾ। ਜੇਕਰ ਉਹ ਅਜਿਹਾ ਕਰਦੇ ਹਨ, ਤਾਂ ਤੁਹਾਡੇ ਕੋਲ ਖੰਡਨ (ਰੀਬਟਲ) ਪ੍ਰਦਾਨ ਕਰਨ ਦਾ ਮੌਕਾ ਹੋਵੇਗਾ। ਫਿਰ ਵਾਈਸ ਚੇਅਰ ਫੈਸਲਾ ਕਰੇਗਾ ਕਿ ਸਮਾਂ ਵਧਾਉਣਾ ਹੈ ਜਾਂ ਨਹੀਂ। ਜੇਕਰ ਸਮਾਂ ਵਧਾਉਣ ਦੀ ਮਨਜ਼ੂਰੀ ਦਿੱਤੀ ਜਾਂਦੀ ਹੈ, ਤਾਂ WCAT ਤੁਹਾਡੀ ਅਪੀਲ 'ਤੇ ਅੱਗੇ ਦੀ ਕਾਰਵਾਈ ਕਰੇਗਾ। ਜੇਕਰ ਇਹ ਮਨਜ਼ੂਰ ਨਹੀਂ ਕੀਤੀ ਜਾਂਦੀ, ਤਾਂ ਤੁਹਾਡੀ ਅਪੀਲ ਬੰਦ ਕਰ ਦਿੱਤੀ ਜਾਵੇਗੀ।

## ਮਦਦ ਚਾਹੀਦੀ ਹੈ?

**ਕਿਸੇ ਨੁਮਾਇੰਦੇ (ਰੈਪਰੇਜ਼ਿਨਟੇਟਿਵ) ਦੀ ਮਦਦ ਲਉ।** ਆਪਣੀ ਅਪੀਲ ਦਾ ਪੱਖ ਦੱਸਣ ਵਿੱਚ ਮਦਦ ਲਈ ਤੁਸੀਂ ਕਿਸੇ ਨੂੰ ਮੁਖ਼ਤਾਰ ਬਣਾ ਸਕਦੇ ਹੋ। ਉਹ ਕੋਈ ਵਕੀਲ, ਮੁਆਵਜ਼ਾ ਸਲਾਹਕਾਰ (ਕੰਪਨਸੇਸ਼ਨ ਕਨਸਲਟੈਂਟ), ਯੂਨੀਅਨ ਜਾਂ ਇਮਪਲੋਏਅਰਜ਼ ਐਸੋਸੀਏਸ਼ਨ ਦਾ ਕੋਈ ਵਿਅਕਤੀ, ਪਰਿਵਾਰ ਦਾ ਮੈਂਬਰ ਜਾਂ ਦੋਸਤ ਹੋ ਸਕਦਾ ਹੈ। ਕਿਰਪਾ ਕਰਕੇ ਧਿਆਨ ਦਿਓ ਕਿ WCAT ਤੁਹਾਨੂੰ ਨੁਮਾਇੰਦਾ ਨਿਯੁਕਤ ਕਰਨ ਦੀ ਲਾਗਤ ਦੀ ਭਰਪਾਈ ਨਹੀਂ ਕਰਦਾ ਹੈ।

**ਕਿਸੇ ਸਲਾਹਕਾਰ (ਐਡਵਾਈਜ਼ਰ) ਨਾਲ ਗੱਲ ਕਰੋ।** ਵਰਕਰਾਂ ਅਤੇ ਇਮਪਲੋਏਅਰਾਂ ਦੇ ਸਲਾਹਕਾਰ ਦਫ਼ਤਰ ਉਹਨਾਂ ਲੋਕਾਂ ਨੂੰ ਮੁਫ਼ਤ ਮਦਦ ਪ੍ਰਦਾਨ ਕਰਨ ਲਈ ਬਣਾਏ ਗਏ ਸਨ ਜੋ ਵਰਕਸੇਫਬੀਸੀ ਦੇ ਫੈਸਲੇ ਨਾਲ ਅਸਹਿਮਤ ਹੋਣ। ਉਹ ਵਰਕਸੇਫਬੀਸੀ ਤੋਂ ਆਜ਼ਾਦ ਹਨ ਅਤੇ ਕਿਰਤ ਮੰਤਰਾਲੇ ਦਾ ਹਿੱਸਾ ਹਨ।

ਵਰਕਰਜ਼ ਐਡਵਾਈਜ਼ਰਜ਼ ਆਫਿਸ
www.gov.bc.ca/workersadvisers
1-800-663-4261 (ਬੀ.ਸੀ. ਵਿੱਚ ਮੁਫਤ)

ਇਮਪਲੋਏਅਰਜ਼ ਐਡਵਾਈਜ਼ਰਜ਼ ਆਫਿਸ
www.gov.bc.ca/employersadvisers
1-800-925-2233 (ਬੀ.ਸੀ. ਵਿੱਚ ਮੁਫਤ)

**WCAT ਨਾਲ ਸੰਪਰਕ ਕਰੋ।** ਤੁਹਾਡੀ ਅਪੀਲ ਨੂੰ ਸਹੀ ਥਾਂ 'ਤੇ ਰੱਖਣ ਵਿੱਚ ਮਦਦ ਲਈ WCAT ਦਾ ਸਟਾਫ ਮਦਦ ਕਰ ਸਕਦਾ ਹੈ। ਉਹ ਨਿਰਪੱਖ ਹੁੰਦੇ ਹਨ, ਜਿਸ ਦਾ ਮਤਲਬ ਹੈ ਕਿ ਉਹ ਕਾਨੂੰਨੀ ਸਲਾਹ ਨਹੀਂ ਦਿੰਦੇ ਜਾਂ ਤੁਹਾਡੇ ਨੁਮਾਇੰਦੇ ਵਜੋਂ ਕੰਮ ਨਹੀਂ ਕਰਦੇ। ਤੁਸੀਂ ਸਾਡੇ ਮੈਨੂਅਲ ਵਿੱਚ ਨਿਯਮਾਂ ਅਤੇ ਕਾਰਵਾਈਆਂ ਬਾਰੇ ਹੋਰ ਜਾਣਕਾਰੀ ਵੀ ਪ੍ਰਾਪਤ ਕਰ ਸਕਦੇ ਹੋ: wcat.bc.ca > resources > manual of rules of practice and procedure